# ਆਈ. ਸੀ. ਏ. ਆਰ - ਭਾਰਤੀ ਖੇਤੀਬਾੜੀ ਖੋਜ ਸੰਸਥਾ

## ਨਰਮੇ-ਕਪਾਹ ਦੀ ਫ਼ਸਲ ਲਈ (25 ਤੋ 31 ਜੁਲਾਈ 2016) ਹਫਤੇ ਲਈ ਸਿਫਾਰਿਸ਼ਾਂ

''ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋ ਆਈਆਂ ਸਿਫਾਰਿਸ਼ਾਂ ਅਨੁਸਾਰ ਹਨ''

| | ਮੀਂਹ (ਮਿ.ਮੀ.) ਜੁਲਾਈ | | | | | | | | | | | | | |
|---|---|---|---|---|---|---|---|---|---|---|---|---|---|---|
| | ਮੀਂਹ ਪਇਆ | | | | | | | | | ਮੀਂਹ ਦੀ ਸੰਭਾਵਨਾ | | | | |
| ਮਿਤੀ | W (14-20 ਜੁਲਾਈ) | 19 | 20 | 21 | 22 | 23 | 24 | 25 | 26 | 27 | 28 | 29 | 30 | 31 |
| **ਪੰਜਾਬ** | | | | | | | | | | | | | | |
| ਬਠਿੰਡਾ | 23.9 | 0 | 0 | 0 | 0 | 0 | 0 | 0 | 0 | 0 | 5 | 5 | 5 | 0 |
| ਫਿਰੋਜਪੁਰ | 22 | 0 | 0 | 0 | 0 | 0 | 6 | 1.3 | 0 | 0 | 5 | 5 | 3 | 0 |
| ਮੁਕਤਸਰ | 47 | 0 | 0 | 0 | 0 | 0 | 0 | 0 | 0 | 0 | 5 | 4 | 5 | 0 |
| ਮਾਨਸਾ | 58 | 0 | 0 | 0 | 0 | 0 | 0 | 0 | 0 | 0 | 4 | 3 | 10 | 6 |
| **ਹਰਿਆਣਾ** | | | | | | | | | | | | | | |
| ਸਿਰਸਾ | 1.8 | 0 | 0 | 0 | 0 | 0 | 0 | 0 | 0 | 0 | 6 | 0 | 9 | 4 |
| ਹਿਸਾਰ | 48.6 | 11.5 | 0 | 0 | 0 | 0 | 0 | 0 | 0 | 0 | 4 | 0 | 7 | 29 |
| ਫਤਿਆਬਾਦ | 33.7 | 3.3 | 0 | 0 | 0 | 0 | 0 | 0 | 0 | 0 | 4 | 3 | 8 | 15 |
| **ਰਾਜਸਥਾਨ** | | | | | | | | | | | | | | |
| ਹੰਨੂਮਾਨਗੜ੍ਹ | 20.7 | 10 | 0.1 | 0 | 0.9 | 0 | 0.6 | 0.3 | 0 | 2 | 2 | 5 | 5 | 3 |
| ਸ੍ਰੀ ਗੰਗਾਨਗਰ | 3.6 | 0.4 | 1 | 0 | 0 | 0 | 0.2 | 0 | 0 | 2 | 2 | 5 | 5 | 3 |

**ਸਲਾਹ**

ਫਾਜਿਲਕਾ ਜਿਲ੍ਹੇ ਦੇ 20 ਪਿੰਡ, ਬਠਿੰਡਾ ਦੇ 6 ਪਿੰਡ, ਬਰਨਾਲਾ ਅਤੇ ਸੰਗਰੂਰ ਵਿੱਚ ਇੱਕ ਪਿੰਡ, ਫਰੀਦਕੋਟ ਜਿਲ੍ਹੇ ਵਿੱਚ 6 ਪਿੰਡ ਅਤੇ ਮੁਕਤਸਰ ਜਿਲ੍ਹੇ ਦੇ ਚਾਰ ਪਿੰਡਾਂ ਵਿੱਚ ਨਰਮਾ ਕਪਾਹ ਦੀ ਫ਼ਸਲ ਤੇ ਚਿੱਟੀ ਮੱਖੀ ਆਪਣੀ ਨੁਕਸਾਨੀ ਆਰਥਿਕ ਕਗਾਰ ਤੋ ਵੱਧ ਚੁੱਕੀ ਹੈ।ਚਿੱਟੀ ਮੱਖੀ ਦੇ ਬਾਲਗਾਂ ਲਈ ਡਾਇਓਥਿਊਰਾਨ @ 200 ਗ੍ਰਾਮ ਪ੍ਰਤੀ ਏਕੜ ਜਾਂ ਸਪਾਇਰੋਮੈਸੀਫਿਨ ਅਤੇ ਚਿੱਟੀ ਮੱਖੀ ਦੇ ਬਾਲਗਾਂ ਤੇ ਹਰੇ ਤੇਲੇ ਦੀ ਰੋਕਥਾਮ ਲਈ ਓਲਾਲਾ ਦੇ ਛਿੜਕਾਅ ਦੀ ਸਿਫ਼ਾਰਿਸ਼ ਕੀਤੀ ਗਈ ਹੈ।ਨਰਮਾ-ਕਪਾਹ ਦੀ ਫ਼ਸਲ ਵਿੱਚ ਸਾਰੀਆਂ ਜਗ੍ਹਾਂ ਤੇ ਹਰੇ ਤੇਲੇ ਦੀ ਰੇਜ਼ 4-6 ਪ੍ਰਤੀ ਪੱਤਾ ਪਾਈ ਗਈ ਹੈ। ਸਿਹਤਮੰਦ ਕਪਾਹ ਦੀ ਸੰਭਾਲ ਲਈ ਤਕਨੀਕਾਂ 2016-17 ਦੁਆਰਾ ਆਈ.ਸੀ.ਏ.ਆਰ/ਸੀ.ਆਈ.ਸੀ.ਆਰ ਸਲਾਹ ਵਿੱਚ ਦਿੱਤੀਆਂ ਗਈਆਂ ਸਿਫ਼ਾਰਿਸ਼ਾਂ ਵੀ ਕੀਤੀਆਂ ਜਾ ਸਕਦੀਆਂ ਹਨ। ਨਰਮਾ-ਕਪਾਹ ਦੀ ਫ਼ਸਲ ਅਤੇ ਨਦੀਨਾਂ ਉਤੇ ਚਿੱਟੀ ਮੱਖੀ ਦੀ ਰੋਕਥਾਮ ਲਈ ਲਗਾਤਾਰ ਸਰਵੇਖਣ ਕਰਨਾਂ ਚਾਹੀਦਾ ਹੈ ਅਤੇ ਖੇਤ ਦੇ ਵੱਟ ਬੰਨਿਆਂ ਤੋਂ ਨਦੀਨਾਂ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਬਾਂਸਵਾੜਾ | 29.4 | 11.6 | 0.4 | 0 | 0 | 0 | 11.1 | 12.1 | 0.6 | 5 | 7 | 7 | 6 | 4 | ਨੂੰ ਖ਼ਤਮ ਕਰਨਾ ਚਾਹੀਦਾ ਹੈ।ਜੇਕਰ ਬਾਰਸ਼ ਤੋਂ ਬਾਅਦ ਨਰਮਾ-ਕਪਾਹ ਦੇ ਖੇਤਾਂ ਵਿੱਚ ਪੈਰਾਵਿਲਟ ਦਾ ਰੋਗ ਦੇਖਿਆ ਜਾਵੇ ਤਾਂ ਪੀ.ਏ.ਯੂ. ਦੀਆਂ ਸਿਫ਼ਾਰਿਸ਼ਾਂ ਅਨੁਸਾਰ 10 ਪੀ.ਪੀ.ਐਮ ਕੋਬਾਲਿਟ ਕਲੋਰਾਈਡ (10 ਮਿਲੀਗ੍ਰਾਮ ਪ੍ਰਤੀ ਲੀਟਰ ਪਾਣੀ) ਨੂੰ ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਤੇ ਬਿਮਾਰੀ ਦੇ ਲੱਛਣ ਦਿਸਣ ਤੇ ਕੁਝ ਘੰਟਿਆਂ ਵਿੱਚ ਸਪਰੇਅ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਲੇਟ ਬਿਜਾਈ ਕੀਤੀ ਨਰਮਾ ਕਪਾਹ ਦੀ ਫ਼ਸਲ ਨੂੰ ਨਾਈਟਰੋਜਨ ਦੀ ਤੀਜੀ ਕਿਸ਼ਤ (40-45 ਕਿਲੋ ਯੂਰੀਆ ਪ੍ਰਤੀ ਏਕੜ) ਦਿਓ। ਹਿਸਾਰ ਵਿੱਚ, ਨਰਮਾ-ਕਪਾਹ ਦੀ ਫ਼ਸਲ ਆਪਣੀ ਟੀਡੇ ਲੱਗਣ ਅਤੇ ਅਗਲੀ ਸਟੇਜ਼ ਵਿੱਚ ਹੈ। ਨਰਮਾ-ਕਪਾਹ ਦੀ ਫ਼ਸਲ ਵਿੱਚ ਹਰੇ ਤੇਲੇ ਦਾ ਹਮਲਾ ਵੀ ਦੇਖਿਆ ਗਿਆ ਹੈ। ਸਿਰਸਾ ਵਿੱਚ, ਨਰਮਾ-ਕਪਾਹ ਦੀ ਫ਼ਸਲ (65-80 ਦਿਨ) ਆਪਣੀ ਮੁਢਲੀ, ਫੁੱਲ-ਡੋਡੀ ਅਤੇ ਟੀਡੇ ਲੱਗਣ ਦੀ ਅਵਸਥਾ ਵਿੱਚ ਹੈ। ਨਰਮਾ-ਕਪਾਹ ਦੀ ਫ਼ਸਲ ਵਿੱਚ ਗੋਡਾਈ, ਕੱਖ ਮਾਰਨਾ ਆਦਿ ਦਾ ਕੰਮ ਚੱਲ ਰਿਹਾ ਹੈ। ਨਰਮਾ-ਕਪਾਹ ਦੀ ਫ਼ਸਲ ਵਿੱਚ ਬਾਰਸ਼ ਤੋਂ ਬਾਅਦ ਖੇਤਾਂ ਵਿੱਚ ਨਦੀਨਾਂ ਦਾ ਹਮਲਾ ਦੇਖਿਆ ਗਿਆ ਹੈ। ਆਰ.ਸੀ.ਐਚ 650 ਬੀਜੀ-2 ਉਤੇ ਚਿੱਟੀ ਮੱਖੀ ਦੀ ਗਿਣਤੀ 10-17 ਪ੍ਰਤੀ 3 ਪੱਤਾ (ਔਸਤਨ 14.2 ਪ੍ਰਤੀ 3 ਪੱਤਾ), ਐਚ.ਐਸ-6 (ਰੇਜ਼ 11-23 ਅਤੇ ਔਸਤਨ 17.7 ਪ੍ਰਤੀ 3 ਪੱਤਾ), ਗੰਗਾ ਨਗਰ ਅਗੇਤੀ (ਰੇਜ਼ 5-11 ਅਤੇ ਔਸਤਨ 7.7 ਪ੍ਰਤੀ 3 ਪੱਤਾ), ਆਰ.ਐਸ-20-13 (ਰੇਜ਼ 4-11 ਅਤੇ ਔਸਤਨ 7.3 ਪ੍ਰਤੀ 3 ਪੱਤਾ) ਪਾਈ ਗਈ ਹੈ। ਬਿਨਾ ਸਪਰੇਅ ਦੇ ਛਿੜਕਾਅ ਵਾਲੇ ਨਰਮਾ-ਕਪਾਹ ਦੇ ਖੇਤਾਂ ਵਿੱਚ ਹਰੇ ਤੇਲੇ ਦੀ ਗਿਣਤੀ 21-39 ਪ੍ਰਤੀ 3 ਪੱਤਾ ਪਾਈ ਗਈ ਹੈ। ਸਿਰਸਾ ਵਿੱਚ ਕਿਸਾਨ ਵੀਰਾਂ ਦੇ ਕੁਝ ਖੇਤਾਂ ਵਿੱਚ 22 ਜੁਲਾਈ ਨੂੰ ਕੀਤੇ ਸਰਵੇਖਣ ਦੌਰਾਨ ਚਿੱਟੀ ਮੱਖੀ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | | 4-10 ਪ੍ਰਤੀ 3 ਪੱਤਾ ਪਾਈ ਗਈ ਹੈ। ਕਿਸਾਨ ਵੀਰਾਂ ਦੇ ਨਰਮਾ-ਕਪਾਹ ਦੇ ਖੇਤਾਂ ਵਿੱਚ ਕਈ ਥਾਵਾਂ ਤੇ ਹਰਾ ਤੇਲਾ ਆਪਨੀ ਆਰਥਿਕ ਨੁਕਸਾਨੀ ਕਗਾਰ ਤੋ ਵੱਧ ਚੁੱਕਾ ਹੈ। ਦੇਸੀ ਕਪਾਹ ਦੇ ਖੇਤਾਂ ਵਿੱਚ ਚਿਤਕਬਰਾ ਸੁੰਡੀ ਦਾ ਹਮਲਾ ਵੀ ਦੇਖਿਆ ਗਿਆ ਹੈ। ਕਿਸਾਨ ਵੀਰਾਂ ਦੇ ਖੇਤਾਂ ਵਿੱਚ ਤਣੇ ਦੇ ਕਾਲਾ ਹੋ ਕੇ ਸੜਨ ਅਤੇ ਜੜ੍ਹ ਗਲਣ ਦਾ ਰੋਗ ਵੀ ਪਾਇਆ ਗਿਆ ਹੈ। ਕਿਸਾਨ ਵੀਰਾਂ ਦੇ ਖੇਤਾਂ ਵਿੱਚ ਨਰਮਾ-ਕਪਾਹ ਦੀ ਫ਼ਸਲ ਤੇ ਪੱਤਾ ਮਰੋੜ ਵਿਸ਼ਾਣੂ ਦਾ ਹਮਲਾ ਵੀ ਦੇਖਿਆ ਗਿਆ ਹੈ। ਕਿਸਾਨ ਵੀਰਾਂ ਨੂੰ ਨਰਮਾ-ਕਪਾਹ ਦੀ ਫ਼ਸਲ ਤੇ ਕੀੜਿਆਂ ਦੀ ਰੋਕਥਾਮ ਲਈ ਖੇਤਾਂ ਦਾ ਲਗਾਤਾਰ ਸਰਵੇਖਣ ਕਰਨ ਦੀ ਸਲਾਹ ਦਿੱਤੀ ਗਈ ਹੈ। ਆਰਥਿਕ ਨੁਕਸਾਨੀ ਕਗਾਰ ਤਕ ਪਹੁੰਚ ਚੁੱਕੇ ਨਰਮਾ-ਕਪਾਹ ਦੇ ਖੇਤਾਂ ਵਿੱਚ ਨਿੰਮ ਤੇ ਅਧਾਰਿਤ ਦਵਾਈਆਂ + ਨਿਰਮਾ ਪਾਊਡਰ ਦੀ ਸਪਰੇਅ ਦੇ ਛਿੜਕਾਅ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਨਰਮਾ-ਕਪਾਹ ਦੇ ਖੇਤਾਂ ਵਿੱਚ ਜਿਥੇ ਕਿਤੇ ਚਿੱਟੀ ਮੱਖੀ ਅਤੇ ਹਰੇ ਤੇਲੇ ਦਾ ਇਕੱਠਾ ਹਮਲਾ ਦੇਖਿਆ ਜਾਵੇ ਤਾਂ ਉਥੇ ਉਲਾਲਾ @ 80 ਗ੍ਰਾਮ ਪ੍ਰਤੀ ਏਕੜ ਨੂੰ 150 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਦੇਸੀ ਕਪਾਹ ਵਿੱਚ ਚਿਤਕਬਰਾ ਸੁੰਡੀ ਦਾ ਹਮਲਾ ਆਪਣੀ ਆਰਥਿਕ ਨੁਕਸਾਨੀ ਕਗਾਰ ਤੋਂ ਵੱਧ ਹੋ ਜਾਵੇ ਤਾਂ ਉਥੇ ਪੀ.ਏ.ਯੂ. ਵੱਲੋ ਸਿਫ਼ਾਰਿਸ਼ ਕੀਤੀਆਂ ਦਵਾਈਆਂ ਦੀ ਸਪਰੇਅ ਕਰੋ। ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਾਈਟਰੋਜਨ ਖਾਦ ਦੀ ਵਰਤੋਂ ਲੋੜ ਅਨੁਸਾਰ ਪਾਉਣ ਅਤੇ ਪੋਟਾਸ਼ੀਅਮ ਨਾਈਟਰੇਟ (13:0:45) @ 2 ਕਿਲੋਗ੍ਰਾਮ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਟੀਂਡੇ ਲੱਗਣ ਦੀ ਸ਼ੁਰੂਆਤੀ ਅਵਸਥਾ ਵਿੱਚ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | | ਛਿੜਕਾਅ ਕਰਨ ਅਤੇ ਕਿਸਾਨ ਵੀਰਾਂ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਹੋਰ ਕਿਸੇ ਵੀ ਤਰ੍ਹਾਂ (ਐਨ.ਪੀ.ਕੇ.) ਦੀ ਖਾਦ ਦੀ ਮਿਲਾਵਟ ਕਰਕੇ ਨਰਮਾ-ਕਪਾਹ ਦੇ ਖੇਤਾਂ ਵਿੱਚ ਛਿੜਕਾਅ ਨਾ ਕਰਨ। |